# India-Uzbekistan Foreign Office Consultations

November 20, 2020

## ਭਾਰਤ-ਉਜ਼ਬੇਕਿਸਤਾਨ ਦੇ ਵਿਦੇਸ਼ ਦਫਤਰਾਂ ਦਰਮਿਆਨ ਸਲਾਹ-ਮਸ਼ਵਰੇ

20 ਨਵੰਬਰ, 2020

ਭਾਰਤ ਅਤੇ ਉਜ਼ਬੇਕਿਸਤਾਨ ਦੇ ਵਿਦੇਸ਼ੀ ਦਫਤਰਾਂ ਦਰਮਿਆਨ ਸਲਾਹ-ਮਸ਼ਵਰੇ ਦਾ 14ਵਾਂ ਦੌਰ 20 ਨਵੰਬਰ, 2020 ਨੂੰ ਵਰਚੁਅਲ ਮਾਧਿਅਮ ਰਾਹੀਂ ਹੋਇਆ। ਭਾਰਤੀ ਪੱਖ ਦੀ ਅਗਵਾਈ ਸਕੱਤਰ (ਪੱਛਮ) ਸ਼੍ਰੀ ਵਿਕਾਸ ਸਵਰੂਪ ਨੇ ਕੀਤੀ। ਉਜ਼ਬੇਕ ਪੱਖ ਦੀ ਅਗਵਾਈ ਉਜ਼ਬੇਕਿਸਤਾਨੀ ਗਣਰਾਜ ਦੇ ਪਹਿਲੇ ਵਿਦੇਸ਼ ਉਪ ਮੰਤਰੀ ਮਹਾਮਹਿਮ ਸ਼੍ਰੀ ਫਰਹੋਦ ਅਰਜ਼ੀਏਵ ਨੇ ਕੀਤੀ।

ਇਨ੍ਹਾਂ ਵਿਚਾਰ ਵਟਾਂਦਰਿਆਂ ਦੌਰਾਨ ਦੋਵਾਂ ਧਿਰਾਂ ਨੇ ਸਿਆਸੀ, ਸੁਰੱਖਿਆ, ਵਿਕਾਸ ਭਾਈਵਾਲੀ, ਸਮਰਥਾ ਨਿਰਮਾਣ, ਕੌਂਸਲਰ ਅਤੇ ਸਭਿਆਚਾਰਕ ਮਾਮਲਿਆਂ ਸਮੇਤ ਵੱਖੋ ਵੱਖ ਖੇਤਰਾਂ ਵਿੱਚ ਭਾਈਵਾਲੀ ਦਾ ਜਾਇਜ਼ਾ ਲਿਆ। ਭਾਰਤੀ ਕਰਜ਼ੇ ਨਾਲ ਉਜ਼ਬੇਕਿਸਤਾਨ ਅੰਦਰ ਬਣ ਰਹੇ ਪ੍ਰੋਜੈਕਟਾਂ ਦੇ ਸਮੇਂ ਸਿਰ ਪੂਰਾ ਹੋਣ 'ਤੇ ਖਾਸ ਜ਼ੋਰ ਦਿੱਤਾ ਗਿਆ।

ਦੋਨਾਂ ਪੱਖਾਂ ਨੇ ਆਪਸੀ ਹਿਤ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕੀਤੇ ਅਤੇ ਸੰਯੁਕਤ ਰਾਸ਼ਟਰ ਅਤੇ ਬਹੁਪੱਖੀ ਮੰਚਾਂ 'ਤੇ ਸਹਿਯੋਗ ਕਰਨ ਉੱਤੇ ਸਹਿਮਤੀ ਪ੍ਰਗਟਾਈ। ਦੋਨਾਂ ਪੱਖਾਂ ਨੇ COVID -19 ਦੀਆਂ ਚੁਣੌਤੀਆਂ ਅਤੇ ਇਸ ਨਾਲ ਨਜਿੱਠਣ ਬਾਰੇ ਵਿਚਾਰ ਵੀ ਸਾਂਝੇ ਕੀਤੇ।

ਦੋਵੇਂ ਧਿਰਾਂ 3 ਦਸੰਬਰ, 2020 ਨੂੰ ਵਪਾਰ, ਆਰਥਿਕ, ਵਿਗਿਆਨਕ ਅਤੇ ਤਕਨੀਕੀ ਭਾਈਵਾਲੀ ਬਾਰੇ ਅੰਤਰ-ਸਰਕਾਰੀ ਕਮੀਸ਼ਨ ਦੇ DVC ਫਾਰਮੈਟ ਵਿੱਚ ਹੋਣ ਵਾਲੇ ਸੈਸ਼ਨ ਦੀ ਉਡੀਕ ਕਰ ਰਹੀਆਂ ਹਨ। ਉਨ੍ਹਾਂ ਨੇ ਆਪਸੀ ਸਹੂਲਤ ਅਨੁਸਾਰ ਵਿਦੇਸ਼ ਦਫਤਰਾਂ ਦੇ ਸਲਾਹ-ਮਸ਼ਵਰੇ ਦਾ ਅਗਲਾ ਦੌਰ ਕਰਵਾਉਣ ਉੱਤੇ ਸਹਿਮਤੀ ਪ੍ਰਗਟ ਕੀਤੀ।

ਨਵੀਂ ਦਿੱਲੀ
20 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.